# Office of the Regional Deputy Director, Local Government, Jalandhar

(Kothi No. 227-228, Master Tara Singh Nagar)

ਦਫਤਰ ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਕੋਠੀ ਨੰ 227-228, ਮਾਸਟਰ ਤਾਰਾ ਸਿੰਘ ਨਗਰ,ਜਲੰਧਰ।

ਨੰਬਰ:ਸ1-ਡਡਸਸ-2018/ 175

ddlgj@yahoo.co.in

0181-2223426

ਮਿਤੀ : 19-11-18

## ਹੁਕਮ

ਜਿਵੇਂ ਕਿ ਕਾਰਜ ਸਾਧਕ ਅਫਸਰ, ਨਗਰ ਕੌਂਸਲ, ਫਿਲੌਰ ਨੇ ਵਾਰਡ ਨੰ:10 ਮੁਹੱਲਾ ਮਲਾਹਾ, ਫਿਲੌਰ ਦੇ ਨੇੜੇ ਕਿਲ੍ਹਾ ਰੋਡ ਤੇ ਸੜਕ ਦੇ ਵਿਚਕਾਰ ਮੈਨ ਹੋਲ (ਹੋਦੀ) ਦੇ ਨੇੜੇ ਖੱਡਾ ਪੈਣ ਕਾਰਨ ਉਪ ਮੰਡਲ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਉਪ ਮੰਡਲ ਨੰ:2, ਫਗਵਾੜਾ ਨੂੰ ਉਕਤ ਕੰਮ ਦੀ ਰਿਪੇਅਰ ਕਰਨ ਲਈ ਲਿਖਿਆ ਗਿਆ ਸੀ। ਕਿਉਂ ਜੋ ਇਸ ਸੜਕ ਤੇ ਦੂਸਰੀ ਬਾਰ ਸੀਵਰੇਜ਼ ਦੱਬਣ ਦੀ ਸਮੱਸਿਆ ਆਈ ਹੈ, ਇਸ ਲਈ ਇਸ ਦਫਤਰ ਵਲੋ ਵੀ ਪੱਤਰ ਨੰ:25059 ਮਿਤੀ 24.08.2018 ਰਾਹੀਂ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਮੰਡਲ ਨੰ:2, ਜਲੰਧਰ ਨੂੰ ਇਸ ਸਮਸਿੱਆ ਦਾ ਪੱਕਾ ਹਲ ਕਰਨ ਅਤੇ ਰਿਪੋਰਟ ਭੇਜਣ ਲਈ ਲਿਖਿਆ ਗਿਆ ਸੀ।ਉਨ੍ਹਾਂ ਵਲੋ ਪੱਤਰ ਨੰ:5092 ਮਿਤੀ 12.11.2018 ਰਾਹੀਂ ਦੱਸਿਆ ਗਿਆ ਹੈ ਕਿ ਸੀਵਰ ਲਗਾਉਣ ਲਈ ਨਗਰ ਕੌਂਸਲ, ਫਿਲੌਰ ਵੱਲੋ **Plain End RCC** ਪਾਈਪ ਲਗਾਏ ਗਏ ਸਨ ਜੋ ਕਿ ਉਨ੍ਹਾਂ ਵੱਲੋਂ ਕਿਸੇ ਵੀ ਤਖਮੀਨੇ ਵਿੱਚ ਤਜਵੀਜ ਨਹੀਂ ਕੀਤੇ ਜਾਂਦੇ। ਆਰ.ਸੀ.ਸੀ. ਪਾਈਪਾਂ ਥੱਲੇ ਪਾਈ ਗਈ ਪੀ.ਸੀ.ਸੀ. ਬੈਡਿੰਗ ਬਾਰੇ ਵੀ ਉਨ੍ਹਾਂ ਨੂੰ ਕੋਈ ਵੀ ਜਾਣਕਾਰੀ ਨਹੀਂ ਹੈ ਅਤੇ ਉਨ੍ਹਾਂ ਦੇ ਦਫ਼ਤਰ ਵੱਲੋਂ ਸੀਵਰ ਦੇ ਬਾਰ ਬਾਰ ਬੈਠਣ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਜਾ ਸਕਦੀ ਅਤੇ ਤਕਨੀਕੀ ਪੱਖੋਂ ਸਟਾਰਮ ਸੀਵਰ ਨੂੰ ਸੈਨਟਰੀ ਸੀਵਰ ਨਾਲ ਜੋੜਨਾ ਠੀਕ ਨਹੀਂ ਹੈ। ਇਸ ਕੰਮ ਸਬੰਧੀ ਕਿਸੇ **expert** ਕਮੇਟੀ ਪਾਸੋਂ ਜਾਂਚ ਕਰਵਾਉਣ ਦੀ ਬੇਨਤੀ ਕੀਤੀ ਗਈ ਹੈ।

ਉਕਤ ਤੱਥਾਂ ਦੀ ਗੰਭੀਰਤਾ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੀ ਜਾਂਚ ਲਈ ਹੇਠ ਲਿਖੇ ਅਨੁਸਾਰ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ:-

1. ਸ਼੍ਰੀ ਸੰਨੀ ਗੋਗਨਾ, ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰ:2, ਜਲੰਧਰ।
2. ਸ਼੍ਰੀ ਜਤਿਨ ਵਾਸੁਦੇਵ, ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ
3. ਸ਼੍ਰੀ ਰਾਕੇਸ਼ ਕੁਮਾਰ ਸ਼ਰਮਾਂ, ਸਹਾਇਕ ਮਿਉਂਸਪਲ ਇੰਜੀਨੀਅਰ, ਨਗਰ ਪੰਚਾਇਤ, ਮਹਿਤਪੁਰ।
4. ਸ਼੍ਰੀ ਹਰਜਿੰਦਰ ਸਿੰਘ ਸੇਠੀ, ਸਹਾਇਕ ਮਿਉਂਸਪਲ ਇੰਜੀਨੀਅਰ, ਨਗਰ ਕੌਂਸਲ, ਨਵਾਂਸ਼ਹਿਰ।

ਉਕਤ ਅਧਿਕਾਰੀ ਤਕਨੀਕੀ ਪੱਖੋਂ, ਮੌਕਾ ਵੇਖ ਕੇ ਹਰ ਪੱਖ ਉਜਾਗਰ ਕਰਨ ਉਪਰੰਤ ਵਿਸਥਾਰ ਪੂਰਵਕ ਰਿਪੋਰਟ ਤਿਆਰ ਕਰਨਗੇ ਅਤੇ ਲੜੀ ਨੰ:1 ਅਤੇ 4 ਤੇ ਦਰਜ ਅਧਿਕਾਰੀ ਇਹ ਯਕੀਨੀਂ ਬਨਾਉਣਗੇ ਕਿ ਉਕਤ ਕਮੇਟੀ ਮੁਕੰਲ ਪੜਤਾਲ ਕਰਨ ਉਪਰੰਤ ਰਿਪੋਰਟ ਸਮੇਤ ਕੀਤੀਆਂ ਗਈਆਂ ਗਲਤੀਆਂ ਅਤੇ ਜੁਮੇਵਾਰ ਕਰਮਚਾਰੀਆਂ/ ਠੇਕੇਦਾਰਾਂ ਦੇ ਨਾਵਾਂ ਸਮੇਤ ਮਿਤੀ 30.11.2018 ਤੱਕ ਨਿਮਨ ਹਸਤਾਖਰ ਸਾਹਮਣੇ ਪੇਸ਼ ਕਰੇ।

ਉਕਤ ਅਨੁਸਾਰ ਪੜਤਾਲ ਰਿਪੋਰਟ ਦੇ ਨਾਲ ਹੀ ਕਮੇਟੀ ਸਬੰਧਤ ਸੀਵਰੇਜ਼ ਨੂੰ ਠੀਕ ਕਰਨ ਸਬੰਧੀ ਜੋ ਵੀ ਲੋੜੀਂਦੇ ਕਦਮ ਚੁੱਕੇ ਜਾ ਸਕਦੇ ਹਨ, ਬਾਰੇ ਵੀ ਨਿਮਨ ਹਸਤਾਖਰ ਦੇ ਸਾਹਮਣੇ ਤੱਥ ਪੇਸ਼ ਕਰੇਗੀ।

D:\Works I\Endst.doc

ਨਵੀਂ ਡਾਕ/ਮਿਤੀ 24-1-2018

(ਬਰਜਿੰਦਰ ਸਿੰਘ), ਪੀ.ਸੀ.ਐਸ.,
ਰਿਜਨਲ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਜਲੰਧਰ।
ਮਿਤੀ: 19-11-2018

ਮਿਤੀ:

ਪਿੱਠ ਅੰਕਣ ਨੰ:ਡਡਸਸ-2018/ 36020

ਇਸ ਦਾ ਇੱਕ ਉਤਾਰਾ:-

1. ਇਸ ਦਾ ਇੱਕ ਉਤਾਰਾ ਸੀ.ਈ.ਓ., ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਪੰਜਾਬ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2. ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ, ਫਿਲੌਰ ਨੂੰ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਕਮੇਟੀ ਨੂੰ ਜੋ ਵੀ ਰਿਕਾਰਡ ਲੋੜੀਂਦਾ ਹੋਵੇ, ਮੁਹੱਈਆ ਕਰਵਾਇਆ ਜਾਵੇ ਅਤੇ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਦੀ ਲੋੜ ਹੋਵੇ ਤਾਂ ਮੁਹੱਈਆ ਕਰਵਾਈ ਜਾਵੇ।
3. ਸਬੰਧਤ ਅਧਿਕਾਰੀਆਂ ਨੂੰ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

ਅਮਲਾ ਸ਼ਾਖਾ
ਡਾਇਰੀ ਨੰ 9990
ਮਿਤੀ 20/11/18

ਰਿਜਨਲ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਜਲੰਧਰ।

---

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ**
**ਪਲਾਟ ਨੰ:1-ਬੀ, ਸੈਕਟਰ 27-ਏ, ਚੰਡੀਗੜ੍ਹ**

ਪਿੱਠ ਅੰਕਣ ਨੰ: ਪਵਸਸਬ-2018/ਵ-1/ 314 ਮਿਤੀ: 7-1-19

ਉਪਰੋਕਤ ਦੀ ਨਕਲ ਮੁੱਖ ਇੰਜੀਨੀਅਰ(ਪੱਛਮ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਅੰਮ੍ਰਿਤਸਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਕਾਰਜਕਾਰੀ ਇੰਜੀਨੀਅਰ(ਵ)
ਵਾਸਤੇ ਇੰਜੀਨੀਅਰ ਇੰਨ ਚੀਫ-ਕਮ-
ਤਕਨੀਕੀ ਸਲਾਹਕਾਰ

31.12.2018